ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿ. ਦਫਤਰ: 1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

# ਜਨਰਲ ਇਕਤ੍ਰਤਾ

**ਮਿਤੀ 06-03-2016 (ਐਤਵਾਰ)**

**ਸਮਾਂ: ਸਵੇਰੇ 10.30 ਵਜੇ**

**ਸਥਾਨ:**

**ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ,**

**ਸੈਕਟਰ 34, ਚੰਡੀਗੜ੍ਹ**

## ਏਜੰਡਾ, ਰਿਪੋਰਟ, ਹਿਸਾਬ ਕਿਤਾਬ ਅਤੇ ਬਜਟ

ਪ੍ਰਬੰਧਕੀ ਦਫ਼ਤਰ:

**ਗੁਰਮਤਿ ਪ੍ਰਸਾਰ ਭਵਨ,**

ਛੱਜੂ ਮਾਜਰਾ ਰੋਡ, ਮੁੰਡੀ ਖਰੜ (ਜ਼ਿਲ੍ਹਾ ਮੁਹਾਲੀ)

ਫੋਨ: 0160-5009844, 94171-90438

**Visit us at www.gurmatparsar.com**

Join us at facebook or mail at gurmatparsar7@gmail.com

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

## ਜਨਰਲ ਇਕਤ੍ਰਤਾ

ਏਜੰਡਾ ਨੰ. 1) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀਆਂ ਗਤੀਵਿਧੀਆਂ ਦੀ ਰਿਪੋਰਟ
ਮਾਰਚ 2015 ਤੋਂ ਜਨਵਰੀ 2016 ਤੱਕ

ਗੁਰਮੁਖ ਪਿਆਰੇ ਵੀਰੋ ਤੇ ਭੈਣੋ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਆਪ ਸਭ ਨੂੰ ਅੱਜ ਇਸ ਇਕਤ੍ਰਤਾ ਲਈ ਦਰਸ਼ਨ ਦੇਣ ਤੇ ਜੀ ਆਇਆਂ ਕਹਿੰਦਿਆਂ, ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀ ਗਵਰਨਿੰਗ ਬਾਡੀ ਮਾਰਚ 2015 ਤੋਂ ਜਨਵਰੀ 2016 ਤੱਕ ਦੀਆਂ ਗਤੀਵਿਧੀਆਂ ਦੀ ਰਿਪੋਰਟ, ਹਿਸਾਬ ਕਿਤਾਬ ਅਤੇ ਸਾਲ 2016-2017 ਦੀਆਂ ਯੋਜਨਾਵਾਂ ਅਤੇ ਬਜਟ ਦਾ ਵੇਰਵਾ ਪੇਸ਼ ਕਰਨ ਵਿਚ ਖੁਸ਼ੀ ਪ੍ਰਤੀਤ ਕਰਦੀ ਹੈ।

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦਾ ਗਠਨ ਸਤਿਗੁਰੂ ਸੱਚੇ ਪਾਤਸ਼ਾਹ ਦੀ ਓਟ ਆਸਰਾ ਲੈ ਕੇ 26-02-1997 ਨੂੰ ਹੋਇਆ। ਅਕਾਲ ਪੁਰਖ ਦੀ ਬਖਸ਼ਿਸ ਅਤੇ ਸੰਗਤਾ ਦੇ ਸਹਿਯੋਗ ਅਤੇ ਅਸੀਸਾਂ ਸਦਕਾ ਸੋਸਾਇਟੀ ਗੁਰਮਤਿ ਪ੍ਰਚਾਰ ਵਿੱਚ ਯਥਾ ਸ਼ਕਤ ਯੋਗਦਾਨ ਪਾਉਦੀ ਆ ਰਹੀ ਹੈ।

**ਇਕਤ੍ਰਤਾਵਾਂ:-** ਗਵਰਨਿੰਗ ਬਾਡੀ ਦੀਆਂ ਮਾਰਚ 2015 ਤੋਂ ਫਰਵਰੀ 2016 ਤੱਕ 6 ਇਕਤ੍ਰਤਾਵਾਂ ਹੋਈਆਂ। ਗਵਰਨਿੰਗ ਬਾਡੀ ਆਪਣੀ ਹਰ ਇਕਤ੍ਰਤਾ ਵਿੱਚ ਇੱਕ ਜਾਂ ਇਸ ਤੋਂ ਵੱਧ ਮਹੀਨਿਆਂ ਦੇ ਆਮਦਨ ਖਰਚ ਨੂੰ ਘੋਖਣ ਤੋਂ ਇਲਾਵਾ ਸੇਵਾਦਾਰਾਂ ਨੂੰ ਸੋਸਾਇਟੀ ਦੀ ਵੱਖ ਵੱਖ ਗਤੀਵਿਧੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਲਈ ਦਿਸ਼ਾ ਨਿਰਦੇਸ਼ ਦਿੰਦੀ ਹੈ। ਇਸ ਸਮੇਂ ਦੌਰਾਨ ਕੀਤੀਆਂ ਸੇਵਾਵਾਂ ਦਾ ਵੇਰਵਾ ਹੇਠ ਅੰਕਿਤ ਹੈ।

## ਗੁਰਮਤਿ ਪ੍ਰਚਾਰ / ਪ੍ਰਸਾਰ

### I. ਗੁਰਮਤਿ ਸਮਾਗਮ:-

**ਇਸਤਰੀ ਸਤਿਸੰਗ ਸਭਾ ਗੁਰਮਤਿ ਪ੍ਰਸਾਰ ਭਵਨ :-** ਗੁਰਮਤਿ ਪ੍ਰਸਾਰ ਭਵਨ ਵਿਖੇ ਗੁਰਦੁਆਰਾ ਸਾਹਿਬ ਵਿੱਚ ਹਰ ਬੁੱਧਵਾਰ ਸਵੇਰੇ 10.00 ਵਜੇ ਤੋਂ 12.00 ਵਜੇ ਤੱਕ ਇਸਤਰੀ ਸਤਿਸੰਗ ਸਭਾ ਵਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੰਗਤੀ ਰੂਪ ਵਿਚ ਹੁੰਦਾ ਹੈ ਅਤੇ ਪਾਠ ਉਪਰੰਤ ਭੈਣਾਂ ਕੀਰਤਨ ਵੀ ਕਰਦੀਆਂ ਹਨ।

**ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ :-** ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ **ਗੁਰਮਤਿ ਪ੍ਰਸਾਰ ਭਵਨ ਵਿਖੇ ਸ਼ਾਮ ਸੋਦਰੁ ਰਹਿਰਾਸ** ਦੇ ਪਾਠ ਨਾਲ ਆਰੰਭ ਹੁੰਦਾ ਹੈ ਅਤੇ ਗੁਰਬਾਣੀ ਕੀਰਤਨ ਅਤੇ ਬਾਰਾਂਮਾਹ ਮਾਝ ਚੋਂ ਮਹੀਨੇ ਦੀ ਕਥਾ ਕੀਤੀ ਜਾਂਦੀ ਹੈ। ਹਰ ਮਹੀਨੇ ਅਖੰਡ ਪਾਠ ਸਾਹਿਬ ਆਰੰਭ ਕਰਕੇ ਇਸ ਦਿਨ ਉਸਦਾ **ਭੋਗ ਅੰਮ੍ਰਿਤ ਵੇਲੇ ਪਾਇਆ** ਜਾਂਦਾ ਹੈ। ਸੰਗਤਾਂ ਵਧ ਚੜ੍ਹ ਕੇ ਹਿਸਾ ਲੈਂਦੀਆਂ ਹਨ। ਹਰ ਮਹੀਨੇ ਲੰਗਰ ਦੀ ਵੀ ਸੇਵਾ ਹੁੰਦੀ ਹੈ।

### II. ਵਿਸ਼ੇਸ਼ ਸਮਾਗਮ:-

**1. ਸ.ਮਨਜੀਤ ਸਿੰਘ U.S.A. ਵਾਲੇ** :- ਸ.ਮਨਜੀਤ ਸਿੰਘ U.S.A. ਵਾਲੇ ਜਿਨ੍ਹਾ ਦੀ ਗੁਰਮਤਿ ਸੰਗੀਤ ਤੇ ਵਿਸ਼ੇਸ਼ ਖੋਜ ਹੈ। ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 7-3-2015 ਨੂੰ ਆਏ। ਉਹਨਾਂ ਨੇ ਗੁਰਮਤਿ ਪ੍ਰਸਾਰ ਟ੍ਰੇਨਿੰਗ

ਇਨਸਟੀਚਿਊਟ ਦੇ ਵਿਦਿਆਰਥੀਆਂ ਤੇ ਸੰਗਤ ਨੂੰ ਆਪਣੀ ਗੁਰਮਤਿ ਸੰਗੀਤ ਪ੍ਰਤੀ ਖੋਜ ਤੋ ਜਾਣੂ ਕਰਵਾਇਆਂ।ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜਨਰਲ ਸਕੱਤਰ ਨੇ ਸ.ਮਨਜੀਤ ਸਿੰਘ ਦਾ ਧੰਨਵਾਦਿ ਕੀਤਾ ਤੇ ਸੋਸਾਇਟੀ ਵਲੋਂ ਸਿਰਪਾਓ ਤੇ ਮੋਮੈਂਨਟੋ ਭੇਟ ਕੀਤਾ।

**2.** **<u>ਹੋਲਾ ਮਹੱਲਾ:-</u>** ਮਿਤੀ 5-3-2015 ਨੂੰ ਹੋਲਾ ਮਹੱਲਾ ਦੇ ਦਿਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸੈਕਟਰ 22,ਚੰਡੀਗੜ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਖੇਡਾਂ ਖੇਡ ਕੇ ਹੋਲਾ ਮਹੱਲਾ ਪੁਰਾਤਨ ਢੰਗ ਨਾਲ ਮਨਾਇਆ ਗਿਆ। ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਵਿਦਿਆਰਥੀਆਂ ਤੇ ਗੱਤਕੇ ਦੀ ਟੀਮ ਨੇ ਹਿੱਸਾ ਲਿਆ। ਸੰਗਤਾ ਨੇ ਗੱਤਕਾ ਟੀਮ ਦੀ ਵਿਸ਼ੇਸ਼ ਤੌਰ ਤੇ ਪ੍ਰਸੰਸ਼ਾਂ ਕੀਤੀ।

**3.** **<u>ਪਾਠ ਬੋਧ ਸਮਾਗਮ:</u>** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਬੋਧ ਸਮਾਗਮ ਮਿਤੀ 19 ਅਪ੍ਰੈਲ 2015 ਤੋਂ ਸ਼ਾਮ 7.15 ਤੋਂ 8.30 ਤੱਕ ਹਰ ਰੋਜ਼ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਬੋਧ ਸਮਾਗਮ) ਗੁਰਦੁਆਰਾ ਸਾਹਿਬ ਸਾਚਾ ਧੰਨ, ਮੋਹਾਲੀ ਵਿਖੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਅਰੰਭ ਕੀਤੇ। ਪਾਠ ਬੋਧ ਦੀ ਸੇਵਾ ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ, ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ , ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ,ਪ੍ਰੋਫੈਸਰ ਮਨਿੰਦਰਪਾਲ ਸਿੰਘ ਜੀ ਚੌਤਾਂ ਕਲਾ , ਗਿਆਨੀ ਜਸਵਿੰਦਰ ਸਿੰਘ ਜੀ ਹੈਂਡ ਗ੍ਰੰਥੀ ਗੁਰਦੁਆਰਾ ਸਾਚਾ ਧੰਨ ਮੋਹਾਲੀ ਨੇ ਨਿਭਾਈ, ਜਿਸ ਦੀ ਸਮਾਪਤੀ 14-1-2016 ਨੂੰ ਹੋਈ ਹੈ। 150 - 200 ਤੱਕ ਸੰਗਤਾਂ ਨੇ ਹਾਜਰੀਆਂ ਭਰੀਆਂ। ਸਮਾਗਮ ਦੌਰਾਨ ਸੋਸਾਇਟੀ ਵਲੋਂ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਪੈਮਫਲਿਟ "ਗੁਰਬਾਣੀ ਪਾਠ ਬੋਧ ਲਈ ਮੁਢਲੀ ਜਾਣਕਾਰੀ" ਸੰਗਤਾਂ ਦੀ ਭੇਟ ਕੀਤੀ ਗਈ। ਪਾਠ ਬੋਧ ਸਮਾਗਮ ਦੀ ਸਫਲਤਾ ਸਹਿਤ ਸੰਪੂਰਨਤਾ ਸਬੰਧੀ ਮਿਤੀ 23-1-2016 ਅਤੇ 24-1-2016 ਸ਼ੁਕਰਾਨੇ ਵਜੋਂ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੀ ਸੇਵਾ ਸੋਸਾਇਟੀ ਨੇ ਨਿਭਾਈ। 23-1-2016 ਨੂੰ ਕੀਰਤਨ ਦੀ ਸੇਵਾ ਸ. ਬਲਵਿੰਦਰ ਸਿੰਘ ਸਾਗਰ ਨੇ ਨਿਭਾਈ। ਉਸਤੋਂ ਉਪਰੰਤ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜਨਰਲ ਸਕਤ੍ਰ ਨੇ **"ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਜਾਚ" ਤੇ ਸਲਾਈਡ ਸ਼ੋ ਰਾਹੀ ਸੰਗਤਾਂ ਨੂੰ ਗੁਰਮਤਿ ਸਿਧਾਂਤ ਦ੍ਰਿੜ ਕਰਵਾਏ।**

24-01-2016 ਨੂੰ ਕੀਰਤਨ ਦੀ ਸੇਵਾ ਸੋਸਾਇਟੀ ਦੇ ਕੀਰਤਨੀ ਜਥੇ ਨੇ ਨਿਭਾਈ। ਉਸਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਬੰਧੀ ਜਾਣਕਾਰੀ ਤੇ ਇੱਕ ਕੁਇਜ਼ (Quiz) ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਆਯੋਜਿਤ ਕੀਤਾ, ਜਿਸ ਵਿੱਚ ਤਕਰੀਬਨ 150 ਪ੍ਰਾਣੀਆਂ ਨੇ ਹਿਸਾ ਲਿਆ। ਹਿੱਸਾ ਲੈਣ ਵਾਲਿਆਂ ਨੂੰ ਇਨਾਮ ਦੇ ਕੇ ਉਤਸਾਹਿਤ ਕੀਤਾ ਗਿਆ। ਸੰਗਤਾਂ ਨੇ ਕੁਇਜ਼ ਪ੍ਰੋਗ੍ਰਾਮ ਵਿੱਚ ਵਿਸ਼ੇਸ਼ ਰੁਚੀ ਦਿਖਾਈ।

ਸੰਗਤਾਂ ਨੇ ਇਸ ਉਪਰਾਲੇ ਦੀ ਭਰਵੀ ਸ਼ਲਾਘਾਂ ਕੀਤੀ ਅਤੇ ਇੱਕ ਹੋਰ ਪ੍ਰੋਗਰਾਮ ਛੇਤੀ ਹੀ ਕਰਨ ਦੀ ਮੰਗ ਕੀਤੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ।

**4.** **<u>ਖਾਲਸਾ ਸਾਜਨਾ ਦਿਵਸ</u>** :- ਖਾਲਸਾ ਸਾਜਨਾ ਦਿਵਸ ਮਨਾਉਦੇ ਹੋਏ ਮਿਤੀ 12-04-2015 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕੀਤੀ ਗਈ। ਮਿਤੀ 14-04-2015 ਨੂੰ ਸਵੇਰ ਸਮੇਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਇਲਾਹੀ ਬਾਣੀ ਦਾ ਕੀਰਤਨ ਹੋਇਆ। ਮਿਤੀ 14-04-2015 ਦਿਨ ਮੰਗਲਵਾਰ ਸ਼ਾਮ ਨੂੰ 6.30 ਤੋਂ 8.30 ਵਜੇ ਤੱਕ **'ਖ਼ਾਲਸਾ ਅਕਾਲ ਪੁਰਖ ਕੀ ਫੌਜ"** ਤੇ **'ਵੈਸਾਖਿ ਧੀਰਨ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ॥"** ਦੇ ਵਿਸ਼ਿਆਂ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

5. **<u>ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ</u> :-** ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਮਿਤੀ **15-04-2015** (ਬੁੱਧਵਾਰ) ਤੋਂ ਅਰੰਭ ਕੀਤੀ ਗਈ ਜਿਸ ਦੀ ਸਮਾਪਤੀ **22-05-2015** (ਸ਼ੁੱਕਰਵਾਰ) ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਕੀਤੀ ਗਈ ।ਅੰਮ੍ਰਿਤ ਵੇਲੇ ਤੋਂ **11.00** ਵਜੇ ਤੱਕ ਗੁਰਮਤਿ ਸਮਾਗਮ ਹੋਏ ।ਸਮਾਪਤੀ ਉਪ੍ਰੰਤ ਗੁਰੂ ਕੇ ਲੰਗਰ ਤੇ ਠੰਡੇ ਮਿਠੇ ਜਲ ਦੀ ਛਬੀਲ ਲਗਾਈ ਗਈ ।

**6. <u>ਸ਼ਹੀਦੀ ਸਮਾਗਮ :</u>-ਸੰਨ 1915 ਵਿੱਚ ਡਗਸੇਈ ਜੇਲ ਵਿੱਚ 12 ਸਿੰਘਾ ਨੂੰ ਸ਼ਹੀਦ ਕੀਤਾ ਗਿਆ ਸੀ।ਉਹਨਾ ਸਿੰਘਾ ਦੀ ਯਾਦ ਵਿੱਚ ਗੁਰਮਤਿ ਸਮਾਗਮ ਵਿੱਚ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸਟਚਿਊਟ ਦੇ ਵਿਦਿਆਰਥੀਆਂ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਮਿਤੀ 7-05-2015 ਤੋਂ 9-05-2015 ਤੱਕ ਨਿਭਾਈ। ਮਿਤੀ 10-05-2015 ਪੰਜ ਪਿਆਰਿਆਂ ਦੇ ਤੌਰ ਤੇ ਸੇਵਾ ਤੇ ਕੀਰਤਨ ਦੀ ਸੇਵਾ ਨਿਭਾਈ।ਇਸ ਮੋਕੇ ਇਸਤਰੀ ਸਤਿਸੰਗਿ ਸਭਾ ਸੈਕਟਰ 34 ਚੰਡੀਗੜ੍ਹ ਦੀਆਂ ਬੀਬੀਆਂ ,ਗੁਰੂ ਗ੍ਰੰਥ ਸਾਹਿਬ ਸੇਵਾ ਸੋਸਾਇਟੀ ਚੰਡੀਗੜ, ਤਖਤ ਸ੍ਰੀ ਕੇਸਗੜ ਸਾਹਿਬ ਦੇ ਹਜੂਰੀ ਰਾਗੀ ਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।**

**7. <u>ਅਖੰਡ ਕੀਰਤਨ ਸਮਾਗਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ</u> :- ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਮਿਤੀ 23-07-2015 (ਵੀਰਵਾਰ) ਨੂੰ ਸ਼ਾਮ 7.00 ਵਜੇ ਤੋਂ 9.00 ਵਜੇ ਤੱਕ ਅਖੰਡ ਕੀਰਤਨੀ ਜੱਥੇ ਵਲੋਂ ਕੀਰਤਨ ਕੀਤੇ ਗਏ । ਚੰਡੀਗੜ,ਮੋਹਾਲੀ,ਖਰੜ ਦੇ ਜੱਥਿਆ ਨੇ ਕੀਰਤਨ ਦੀਆ ਹਾਜਰੀਆਂ ਭਰ ਕੇ ਸੰਗਤਾ ਨੂੰ ਗੁਰੂ ਨਾਲ ਜੋੜਿਆ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ।**

**8. <u>ਧਾਰਮਿਕ ਫਿਲਮ :-</u>** ਬੱਚਿਆਂ ਅਤੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਣ ਲਈ ਮਿਤੀ 20-07-2015 ਤੋਂ ਹਰ ਸੋਮਵਾਰ ਸ਼ਾਮ 7.30 ਤੋਂ 9.00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਧਾਰਮਿਕ ਫਿਲਮ ਦਿਖਾਈ ਜਾਦੀਂ ਰਹੀ।ਇਹ ਕਾਰਜ ਕੁਝ ਮਹੀਨੇ ਤੱਕ ਲੜੀ ਵਾਰ ਜਾਰੀ ਰੱਖਿਆ ਗਿਆ।ਇਸ ਦੀ ਸੰਗਤਾਂ ਨੇ ਭਰਵੀ ਸ਼ਲਾਘਾ ਕੀਤੀ ਅਤੇ ਇਤਿਹਾਸਕ ਸਾਕਿਆਂ ਤੋਂ ਆਪਣੇ ਆਪ ਨੂੰ ਜਾਣੂ ਕਰਵਾਇਆ।

9. **<u>ਸ਼ੁਕਰਾਨਾ/ ਅਰਦਾਸ ਸਮਾਗਮ:-</u>** ਗੁਰਮਤਿ ਪ੍ਰਸਾਰ ਡਿਗਰੀ (B.A) ਕੋਰਸ ਦੇ ਪਹਿਲੇ/ਦੂਸਰੇ/ਤੀਸਰੇ ਸਾਲ ਦੇ ਵਿਦਿਆਰਥੀਆਂ ਦੇ ਸਫਲ ਹੋਣ ਤੇ ਸ਼ੁਕਰਾਨਾ ਕਰਨ ਲਈ ਅਤੇ ਨਵੇਂ ਬੈਚ ਦੀ ਭਰਤੀ ਤੇ ਵਿਦਿਆਰਥੀਆਂ ਦੇ ਕਮਰ ਕਸੇ ਕਰਨ ਹਿੱਤ ਸ਼ੁਕਰਾਨਾ / ਅਰਦਾਸ ਸਮਾਗਮ ਮਿਤੀ 19-07-2015 ਦਿਨ ਐਤਵਾਰ ਨੂੰ ਸਵੇਰੇ 8:30 ਵਜੇ ਤੋਂ 1:00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ, ਵਿਖੇ ਕਰਵਾਏ ਗਏ ਜਿਸ ਵਿੱਚ ਇਸਤ੍ਰੀ ਸਤਿਸੰਗ ਸਭਾ ਦੀਆਂ ਬੀਬੀਆਂ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਅਰੰਭਤਾ ਕੀਤੀ। ਫਿਰ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਅਤੇ ਬੀਬੀ ਤ੍ਰਿਪਤ ਕੌਰ ਜਿਨ੍ਹਾਂ ਨੇ 'ਚਾਰ ਸ਼ਾਹਿਬਜ਼ਾਦੇ' ਫਿਲਮ ਵਿੱਚ ਸਾਹਿਬਜ਼ਾਦਿਆਂ ਦੀ ਘੋੜੀ ਗਾਈ ਸੀ, ਉਹਨਾ ਨੇ ਵੀ ਸ਼ਬਦ ਦੀ ਹਾਜ਼ਰੀ ਲਗਵਾਈ। ਉਸਤੋਂ ਇਲਾਵਾ ਭਾਈ ਬਲਵਿੰਦਰ ਸਿੰਘ 'ਸਾਗਰ' ਮੋਹਾਲੀ ਵਾਲਿਆ ਨੇ ਕੀਰਤਨ ਦੀ ਸੇਵਾ ਨਿਭਾਈ ।ਗਿਆਨੀ ਸਾਹਿਬ ਸਿੰਘ, ਸ਼ਾਹਬਾਦ ਮਾਰਕੰਡਾ ਵਾਲਿਆ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਪ੍ਰੰਤ B.A ਅਤੇ ਤਿੰਨ ਸਾਲਾ ਪ੍ਰਚਾਰਕ ਦਾ ਕੋਰਸ ਸੰਪੂਰਨ ਕਰਨ ਵਾਲੇ ਵਿਦਿਆਰਥੀਆਂ ਨੂੰ ਗਿਆਨੀ ਸਾਹਿਬ ਸਿੰਘ ਜੀ ਅਤੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਮੈਂਬਰ ਸਾਹਿਬਾਨ ਨੇ ਸਰਟੀਫਿਕੇਟ ਅਤੇ

ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ । ਇਸ ਮੋਕੇ ਵੱਖ-ਵੱਖ ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾ ਨੂੰ ਵੀ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਅਰਦਾਸ ਉਪ੍ਰੰਤ ਨਵੇ ਬੈਚ ਦੇ ਵਿਦਿਆਰਥੀਆਂ ਨੂੰ ਕਮਰ ਕੱਸੇ ਕਰਵਾਏ ਗਏ । ਸੰਗਤਾਂ ਨੇ ਵਡੀ ਗਿਨਤੀ ਵਿੱਚ ਹਾਜਰੀਆਂ ਭਰਕੇ ਅਸੀਸਾਂ ਬਖਸ਼ੀਆਂ । ਗੁਰੂ ਕੇ ਲੰਗਰ ਓਤੁੱਟ ਵਰਤਾਏ ਗਏ ।

**10.** **<u>ਜੀਵਨ ਜੁਗਤਿ ਸਮਾਗਮ, ਅੰਮ੍ਰਿਤਸਰ ਸਾਹਿਬ :-</u>** ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ, ਸੰਸਥਾ ਸ੍ਰੀ ਅੰਮ੍ਰਿਤਸਰ, ਮੈਨੇਜਰ ਸ੍ਰੀ ਦਰਬਾਰ ਸਾਹਿਬ ,ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਹਰ ਸਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਅੰਮ੍ਰਿਤਸਰ ਸਾਹਿਬ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਕਰਦੇ ਹਨ ਅਤੇ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾ ਵਾਚਕ ਇਸ ਵਿੱਚ ਹਾਜ਼ਰੀ ਲਗਾਉਦੇ ਹਨ ।ਹਰ ਸਾਲ ਦੀ ਤਰਾਂ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੂੰ ਇਸ ਸਮਾਗਮ ਵਿੱਚ ਹਾਜ਼ਰੀ ਭਰਨ ਦਾ ਸਮਾਂ ਪ੍ਰਾਪਤ ਹੋਇਆ । ਮਿਤੀ 6-09-2015 (ਐਤਵਾਰ) ਨੂੰ ਇਸ ਲੜੀ ਅਨੁਸਾਰ ਸਮਾਗਮ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ, ਅਕਾਸ਼ ਐਵੀਨਿਊ, ਫ਼ਤਹਿਗੜ ਚੂੜੀਆਂ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ **"ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ"** ਦੇ ਵਿਸ਼ੇ ਤੇ ਕਥਾ ਰਾਹੀ ਸੇਵਾ ਨਿਭਾਈ ਅਤੇ ਸ.ਬਲਵਿੰਦਰ ਸਿੰਘ 'ਸਾਗਰ' ਜੀ ਨੇ ਕੀਰਤਨ ਰਾਹੀ ਸੇਵਾ ਨਿਭਾਈ ।ਪ੍ਰਬੰਧਕਾ ਨੇ ਇਸ ਮੌਕੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਤੇ ਸ.ਬਲਵਿੰਦਰ ਸਿੰਘ ਜੀ 'ਸਾਗਰ' ਨੂੰ ਸਨਮਾਨਿਤ ਕੀਤਾ ਅਤੇ ਸੋਸਾਇਟੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦਿ ਕੀਤਾ ਤੇ ਕਿਹਾ ਇਹ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਸੋਸਾਇਟੀ ਦੀ ਦੇਣ ਹੈ ।

**11.** **<u>ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ</u>:-** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮ ਮਿਤੀ 8-9-2015 ਤੋਂ 14-09-2015 ਤੱਕ ਖਰੜ, ਮੋਹਾਲੀ , ਚੰਡੀਗੜ ਵਿਖੇ ਹੋਏ। ਜਿਸ ਵਿੱਚ ਵੱਖ-ਵੱਖ ਕੀਰਤਨੀ ਜੱਥੇ ਤੇ ਕਥਾਵਾਚਕਾ ਨੇ ਹਾਜ਼ਰੀ ਭਰੀ ।ਹਮੇਸ਼ਾ ਦੀ ਤਰ੍ਹਾਂ ਇਹਨਾਂ ਸਮਾਗਮਾਂ ਵਿੱਚ ਇੱਕ ਦਿਨ ਵਿੱਚ ਇੱਕ ਹੀ ਵਿਸ਼ੇ ਤੇ ਕੀਰਤਨ ਅਤੇ ਕਥਾ ਹੋਈ । ਸੰਗਤਾਂ ਨੇ ਹਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ ਤੇ ਇਸ ਉਪਰਾਲੇ ਦੀ ਸਲਾਘਾ ਕੀਤੀ।

| ਮਿਤੀ | ਗੁਰਦੁਆਰਾ | ਵਿਸ਼ਾ |
|---|---|---|
| 08-09-2015 | ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ, ਮੁੰਡੀ ਖਰੜ | **ਜੀਵਨ-ਜਾਚ** ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥ (ਅੰਕ 488) |
| 09-09-2015 | ਗੁਰਦੁਆਰਾ ਸ੍ਰੀ ਗੁਰੂ ਅਰਜੁਨ ਦੇਵ ਜੀ, ਸੰਨੀ ਇਨਕਲੇਵ, ਖਰੜ | ਘਾਲਿ ਖਾਇ ਕਿਛੁ ਹਥਹੁ ਦੇਇ ॥ (ਅੰਕ 1245) |
| 10-09-2015 | ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦਸ਼ਮੇਸ਼ ਨਗਰ ਖਰੜ | ਮਤਿ ਹੋਦੀ ਹੋਇ ਇਆਣਾ (ਅੰਕ 1384) |
| 11-09-2015 | ਗੁਰਦੁਆਰਾ ਸਾਚਾ ਧੰਨ, ਫੇਜ਼-3B1, ਮੋਹਾਲੀ | ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ (ਅੰਕ 185) |
| 12-09-2015 | ਗੁਰਦੁਆਰਾ ਕਲਗੀਧਰ ਸਿੰਘ ਸਭਾ, ਫੇਜ਼-4, ਮੋਹਾਲੀ | ਉਪਦੇਸ ਚਹੁ ਵਰਨਾ ਕਉ ਸਾਝਾਂ(ਅੰਕ 747) |
| 13-09-2015 | ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34 ਚੰਡੀਗੜ | ਗੁਰ ਬਿਨੁ ਘੋਰ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ(ਅੰਕ 1399) |
| 14-09-2015 | ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34 ਚੰਡੀਗੜ | ਸਬਦੁ ਗੁਰੂ ਪਰਕਾਸਿਓ (ਅੰਕ 1407) |

ਇਨ੍ਹਾ ਸਮਾਗਮਾਂ ਵਿੱਚ ਸੰਗਤਾ ਨੇ ਹੁੰਮ-ਹੁੰਮਾ ਕੇ ਹਾਜ਼ਰੀਆਂ ਭਰੀਆਂ । ਸੰਗਤਾ ਨੇ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾ ਨੇ ਸੋਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸੇਵਾਦਾਰਾਂ ਨੂੰ ਗੁਰੂ ਦੀ ਅਸੀਸ ਨਾਲ ਨਿਵਾਜਿਆ ।

**<u>ਜੀਵਨ ਜੁਗਤਿ ਸਮਾਗਮ ਦੀ ਲੜੀ ਸੰਪੂਰਨ ਹੋਣ ਤੇ ਸ਼ੁਕਰਾਨਾ ਸਮਾਗਮ :-</u>**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਮਿਤੀ 8-9-2015 ਤੋਂ 14-09-2015 ਤੱਕ ਖਰੜ, ਮੋਹਾਲੀ, ਚੰਡੀਗੜ ਵਿਖੇ ਚਲਾਈ ਗਈ ਜਿਸ ਦੀ ਸੰਪੂਰਨਤਾ ਤੇ ਮਿਤੀ 17-09-2015 ਦਿਨ ਵੀਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਸ਼ੁਕਰਾਨਾ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ।

**12. <u>ਅਧਿਆਪਕ ਸਿਖਲਾਈ ਕਾਰਜਸ਼ਾਲਾ:-</u>**

ਸਤਿਨਾਮੁ ਸਰਬ ਕਲਿਆਣ ਟਰੱਸਟ(ਰਜਿ.)ਚੰਡੀਗੜ੍ਹ ਦੁਆਰਾ ਪਿੰਡਾਂ ਦੇ ਸਕੂਲਾ ਵਿੱਚ ਧਾਰਮਿਕ ਸਿਖਿਆ ਦੇਣ ਲਈ ਅਧਿਆਪਕ ਲਗਾਏ ਜਾਦੇਂ ਹਨ । ਉਹਨਾਂ ਅਧਿਆਪਕਾ ਦੀ 9ਵੀ ਧਾਰਮਿਕ ਅਧਿਆਂਪਕ ਸਿਖਲਾਈ ਕਾਰਜਸ਼ਾਲਾ ਮਿਤੀ 9-11 ਅਕਤੂਬਰ ਤੱਕ ਮਾਤਾ ਗੁਜਰੀ ਕਾਲਿਜ ਸ੍ਰੀ ਫਤਿਹਗੜ ਸਾਹਿਬ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਵਿਦਵਾਨਾ ਨੇ ਆਪਣੇ ਵਿਚਾਰ ਸਾਝੇ ਕੀਤੇ । ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ 10-10-2015 ਨੂੰ ਇਸ ਕਾਰਜ਼ਸ਼ਾਲਾ ਵਿੱਚ **"ਗੁਰਬਾਣੀ ਰਾਹੀ" ਬੱਚਿਆਂ ਨੂੰ ਕਿਵੇ ਜੀਵਨ-ਜੁਗਤਿ ਸਮਝਾਈਏ ਦੇ** ਵਿਸ਼ੇ ਤੇ ਵਿਚਾਰਾਂ ਦੀ ਸਾਝ ਪਾਈ। ਮਿਤੀ 11.1●.2●16 ਨੂੰ ਸ. ਬਲਵਿੰਦਰ ਸਿੰਘ ਸਾਗਰ ਨੇ **ਧਰਮ ਅਤੇ ਸਾਇੰਸ** ਵਿਸ਼ੇ ਤੇ ਵਿਚਾਰ ਸਾਂਝੇ ਕੀਤੇ। ਬੱਚਿਆਂ ਅਤੇ ਹੋਰ ਪਤਵੰਤੇ ਹਾਜ਼ਰ ਸੱਜਣਾ ਨੇ ਇਸ ਦਾ ਭਰਵਾਂ ਲਾਭ ਉਠਾਇਆ । ਸਤਿਨਾਮੁ ਸਰਬ ਕਲਿਆਣ ਟਰੱਸਟ ਵਲੋਂ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਅਤੇ ਸ. ਬਲਵਿੰਦਰ ਸਿੰਘ ਸਾਗਰ ਦਾ ਧੰਨਵਾਦਿ ਕੀਤਾ ਗਿਆ ਅਤੇ ਮਮੈਂਟੋ ਨਾਲ ਸਨਮਾਨਿਤ ਕੀਤਾ ਗਿਆ ।

**13. ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ :- ਪ੍ਰਭਾਤ ਫੇਰੀਆਂ**:- ਧੰਨ - ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਦੇ ਹੋਏ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਤੋਂ ਮਿਤੀ 17-11-2015 ਨੂੰ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਗਈਆਂ । ਪ੍ਰਭਾਤ ਫੇਰੀਆਂ ਦੀ ਸਮਾਪਤੀ ਮਿਤੀ 24-11-2015 ਨੂੰ ਕੀਤੀ ਗਈ । ਪ੍ਰਭਾਤ ਫੇਰੀਆਂ ਵਿੱਚ ਹਰ ਰੋਜ਼ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ ।

**ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਸਮਾਗਮ** :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 25-11-2015 (ਬੁੱਧਵਾਰ) ਨੂੰ ਸਵੇਰੇ 7.30 ਵਜੇ ਤੋਂ 12.30 ਵਜੇ ਤੱਕ ਗੁਰਮਤਿ ਸਮਾਗਮ ਹੋਏ । ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਜਾਣ ਵਾਲੀ ਸਮੂਹ ਸੰਗਤ ਨੇ ਸੰਗਤੀ ਰੂਪ ਵਿੱਚ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਨਿਭਾਈ ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਗਏ ।

**ਗੱਤਕਾ ਟੀਮ ਦੇ ਜੌਹਰ** :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 25-11-2015 (ਬੁੱਧਵਾਰ) ਨੂੰ ਸਵੇਰੇ ਗੁਰਮਤਿ ਪ੍ਰਸਾਰ ਗੱਤਕਾ ਟੀਮ ਨੇ ਗੱਤਕੇ ਦੇ ਜੌਹਰ 11.30 ਵਜੇ 12.30 ਵਜੇ ਤੱਕ ਦਿਖਾਏ । ਸਮੂਹ ਸੰਗਤ ਨੇ ਗੱਤਕਾ ਟੀਮ ਦੀ ਪ੍ਰਸੰਸਾ ਕੀਤੀ ਤੇ ਗੱਤਕੇ ਨੂੰ ਸਿੱਖੀ ਦੇ ਪ੍ਰਚਾਰ ਦਾ ਇੱਕ ਚੰਗਾ ਉਪਰਾਲਾ ਦੱਸਿਆ । ਇਸ ਮੌਕੇ ਗੱਤਕੇ ਦੀ ਸਿਖਲਾਈ ਦੇਣ ਵਾਲੇ ਗੁਰਮਤਿ ਪ੍ਰਸਾਰ ਇੰਨਸਟੀਚਿਊਟ ਦੇ ਵਿਦਿਆਰਥੀਆਂ ਭਾਈ ਯੋਗਰਾਜ ਸਿੰਘ,ਭਾਈ ਹਰਵਿੰਦਰ ਸਿੰਘ ,ਭਾਈ ਬਲਜਿੰਦਰ ਸਿੰਘ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

**14. ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਸਮਾਗਮ** :-ਧੰਨ - ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸਹੀਦੀ ਦਿਹਾੜੇ ਵਾਲੇ ਦਿਨ 16-12-2015 (ਬੁੱਧਵਾਰ) ਨੂੰ ਸ਼ਾਮ 6.300 ਵਜੇ ਤੋਂ 9.00 ਵਜੇ ਤੱਕ ਗੁਰਮਤਿ ਸਮਾਗਮ ਹੋਏ ।

**15. ਚਾਰੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ**:- ਸਿੱਖੀ ਦੇ ਮਹਿਲ ਨੂੰ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਉਸਾਰਨ ਵਾਲੇ ਕੌਮ ਦੇ ਮਹਾਨ ਸ਼ਹੀਦ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁੱਜਰ ਕੌਰ ਜੀ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਗੁਰਮਤਿ ਸਮਾਗਮ ਮਿਤੀ 21-12-2015 ਤੋਂ 27-12-2015 ਤੱਕ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਗਏ ਜਿਸ ਵਿੱਚ

**ਇਤਿਹਾਸਕ ਵੀਚਾਰਾਂ** :- ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦੇ ਇਤਿਹਾਸ ਦੀ ਕਥਾ ਮਿਤੀ 21-12-2015 ਤੋਂ 27-12-2015 ਤੱਕ ਸਵੇਰੇ 6.45 ਵਜੇ ਤੋਂ 7.30 ਵਜੇ ਤੱਕ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਿਖੇ ਭਾਈ ਹਰਵੀਰ ਸਿੰਘ ਵਾਈਸ ਪ੍ਰਿੰਸੀਪਲ ਦੁਆਰਾ ਕੀਤੀ ਗਈ।

**ਇਤਿਹਾਸਕ ਫਿਲਮ - ਚਾਰ ਸਾਹਿਬਜ਼ਾਦੇ** :- ਮਿਤੀ 26-12-15 (ਸ਼ਨਿਚਰਵਾਰ) ਨੂੰ ਸ਼ਾਮ 6.30 ਵਜੇ ਤੋਂ 8.30 ਵਜੇ ਤੱਕ ਇਤਿਹਾਸਕ ਫਿਲਮ ਚਾਰ ਸਾਹਿਬਜ਼ਾਦੇ ਗੁਰਮਤਿ ਪ੍ਰਸਾਰ ਭਵਨ ਵਿਖੇ ਦਿਖਾਈ ਗਈ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰ ਹੋ ਕੇ ਫਿਲਮ ਦੇਖੀ। ਇਸ ਫਿਲਮ ਰਾਹੀ ਸੰਗਤਾਂ ਨੂੰ ਚਾਰੇ ਸਾਹਿਬਜ਼ਾਦਿਆਂ ਦੇ ਇਤਿਹਾਸ ਨਾਲ ਜਾਣੂ ਕਰਵਾਇਆ ਗਿਆ।

**ਸ਼ਹੀਦੀ ਗੁਰਮਤਿ ਸਮਾਗਮ** :- ਮਿਤੀ:-27-12-15 ਐਤਵਾਰ ਨੂੰ ਸਵੇਰੇ 8.30 ਤੋਂ 11.30 ਤੱਕ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਇਸਤਰੀ ਸਤਿਸੰਗ ਸਭਾ ਵਾਲੀਆਂ ਬੀਬੀਆਂ ਦੁਆਰਾ ਕੀਤਾ ਗਿਆ। ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਅਤੇ ਸ.ਬਲਵਿੰਦਰ ਸਿੰਘ ਜੀ ਸਾਗਰ ਨੇ ਕੀਰਤਨ ਦੀ ਸੇਵਾ ਨਿਭਾਈ। ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕਥਾ ਦੀ ਸੇਵਾ ਨਿਭਾਈ। ਉਪ੍ਰੰਤ ਅਰਦਾਸ ਹੁਕਮਨਾਮਾ ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

**ਗੱਤਕੇ ਦੇ ਜੋਹਰ** :- ਮਿਤੀ:-27-12-15 ਐਤਵਾਰ ਨੂੰ ਸ਼ਹੀਦੀ ਗੁਰਮਤਿ ਸਮਾਗਮ ਦੀ ਸਮਾਪਤੀ ਤੇ ਗੁਰਮਤਿ ਪ੍ਰਸਾਰ ਗੱਤਕਾ ਟੀਮ ਨੇ ਗੱਤਕੇ ਦੇ ਜੋਹਰ ਦਿਖਾਏ।

ਇਨ੍ਹਾਂ ਸਮੂਹ ਸਮਾਗਮਾਂ ਵਿੱਚ ਸੰਗਤਾਂ ਨੇ ਭਰਵਾ ਸਹਿਯੋਗ ਦਿੱਤਾ ਅਤੇ ਹਾਜਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਵਾਹਿਗੁਰੂ ਅਕਾਲ ਪੁਰਖ ਸਾਨੂੰ ਸਾਰਿਆਂ ਨੂੰ ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਨ ਦੇ ਸਮਰਥ ਬਣਾਏ।

**16. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ :-**

**ਪ੍ਰਭਾਤ ਫੇਰੀਆਂ** :- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਅਰੰਭਤਾ ਗੁਰਦੁਆਰਾ ਸਾਹਿਬ ਵਿਖੇ 11-01-2016 ਨੂੰ ਹੋਈ ਜਿਸ ਦੀ ਸਮਾਪਤੀ 15-01-2016 ਨੂੰ ਕੀਤੀ ਗਈ। ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਰ ਰੋਜ਼ ਹਾਜ਼ਰੀਆਂ ਭਰੀਆਂ।

**ਗੁਰਮਤਿ ਸਮਾਗਮ** :- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 16-01-2016(ਸ਼ਨੀਵਾਰ) ਨੂੰ ਸਵੇਰੇ 5.00 ਵਜੇ ਤੋਂ 10.30 ਵਜੇ ਤੱਕ ਗੁਰਮਤਿ ਸਮਾਗਮ ਹੋਏ।

**ਗੁਰਮਤਿ ਪ੍ਰਚਾਰ / ਪ੍ਰਸਾਰ ਲਿਟਰੇਚਰ ਗੁਰਮਤਿ ਪ੍ਰਸਾਰ ਬੁਲਿਟਿਨ**:- ਗੁਰਮਤਿ ਪ੍ਰਸਾਰ ਨਿਊਜ਼ ਪੱਤਰ ਜੋ ਹਰ ਮਹੀਨੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਉਸ ਦੀ ਰੂਪ ਰੇਖਾ ਦਾ ਵਿਕਾਸ ਕੀਤਾ ਗਿਆ ਹੈ। ਪਹਿਲਾ ਇਸ ਦਾ ਅਕਾਰ 16 ਪੇਜ ਦਾ ਸੀ। ਪਿਛਲੇ ਕਾਫੀ ਸਮੇਂ ਤੋਂ ਇਹ 20 ਪੇਜ ਦਾ ਕੀਤਾ ਗਿਆਂ ਹੈ। ਉਸ ਵਿੱਚ ਇਤਿਹਾਸਕ ਲੇਖਾਂ

ਤੋਂ ਛੁੱਟ ਨਿਤਾ ਪ੍ਰਤੀ ਸਿਹਤ ਦੀ ਸੇਵਾ-ਸੰਭਾਲ ਸੰਬੰਧੀ ਨੁਕਤੇ ਅਤੇ ਕੀਰਤਨ ਪ੍ਰੇਮੀਆਂ ਲਈ ਸ਼ਬਦਾਂ ਦੀਆਂ ਨੋਟੇਸ਼ਨਾਂ ਵੀ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਹਨ । ਇਸ ਬੁਲਿਟਿਨ ਨੂੰ ਵਧੇਰੇ ਸੁੰਦਰ ਅਤੇ ਸੂਚਨਾਤਮਕ ਬਣਾਉਣ ਲਈ ਯਤਨ ਜ਼ਾਰੀ ਹਨ। ਸਮੂੰਹ ਮੈਂਬਰਾਂ ਨੂੰ ਸਨਿਮਰ ਬੇਨਤੀ ਹੈ ਕਿ ਆਪਣੇ ਸੁਚਜੇ ਸੁਝਾਉ ਬਖਸ਼ਣ ਅਤੇ ਆਪਣੀਆਂ ਬਹੁ ਕੀਮਤੀ ਰਚਨਾਵਾਂ ਭੇਜਣ ਦੀ ਕਿਰਪਾਲਤਾ ਕਰਨ।

ਹਰ ਮਹੀਨੇ ਗੁਰਮਤਿ ਪ੍ਰਸਾਰ ਬੁਲਿਟਿਨ ਤੋਂ ਇਲਾਵਾ ਗੁਰਮਤਿ ਪ੍ਰਚਾਰ ਲਈ ਹੇਠ ਲਿਖੇ ਕਿਤਾਬਚੇ ਛਾਪ ਕੇ ਸੰਗਤਾਂ ਦੀ ਭੇਟ ਕੀਤੇ ਗਏ ।

1. ਗੁਰਬਾਣੀ ਪਾਠ ਬੋਧ ਲਈ ਮੁੱਢਲੀ ਜਾਣਕਾਰੀ
2. ਵਹ ਪ੍ਰਗਟਿਓ ਮਰਦ ਅਗੰਮੜਾ
3. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਾਣਕਾਰੀ ਸੰਬੰਧੀ – 100 ਸਵਾਲ

## <u>ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ</u>:

ਪੰਥ ਨੂੰ ਪੜੇ ਲਿਖੇ ਪ੍ਰਚਾਰਕ ਉਪਲਬਧ ਕਰਵਾਉਣ ਦੇ ਆਸ਼ੇ ਨੂੰ ਮੁੱਖ ਰਖਦਿਆਂ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਨੂੰ ਹੋਂਦ ਵਿੱਚ ਲਿਆਂਦਾ ਗਿਆ । ਸੰਨ 2012 ਤੋਂ ਗੁਰਮਤਿ ਦੀ ਵਿਦਿਆ ਦੇ ਨਾਲ – ਨਾਲ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ B.A. ਦਾ ਕੋਰਸ ਵੀ ਅਰੰਭ ਕੀਤਾ ਗਿਆ ਜਿਸ ਵਿੱਚ ਗੁਰਮਤਿ ਸੰਗੀਤ ਅਤੇ ਰਿਲਿਜਨ ਦੇ ਵਿਸ਼ੇ ਵਿਸ਼ੇਸ਼ ਤੋਰ ਤੇ ਚੁਣੇ ਗਏ । ਟ੍ਰੇਨਿੰਗ ਇਨਸਟੀਚਿਊਟ ਦੀ ਗਤੀਵਿਦੀਆਂ ਦੀ ਰਿਪੋਰਟ ਪੇਸ਼ ਕਰਨ ਵਿੱਚ ਖੁਸ਼ੀ ਪ੍ਰਤੀਤ ਕਰਦੇ ਹਾਂ ।

### <u>ਪ੍ਰਸਿਖਿਆ:-</u>

**(i)** **<u>ਸੈਸ਼ਨ 2012-2015</u>** – ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਦੇ ਸੰਮੂਹ ਮੈਬਰਾਂ ਨੂੰ ਬੜੀ ਖੁਸ਼ੀ ਨਾਲ ਦੱਸਿਆਂ ਜਾ ਰਿਹਾ ਹੈ ਕਿ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2012-2015 ਦੀ ਸੰਪੂਰਨਤਾ ਜੂਨ 2015 ਵਿੱਚ ਹੋ ਗਈ ਹੈ । ਸਾਰੇ ਹੀ 10 ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ।ਇਹਨਾ 10 ਵਿਦਿਆਰਥੀਆਂ ਵਿੱਚੋਂ 4 ਵਿਦਿਆਰਥੀਆਂ ਨੇ ਅੱਗੇ M. A. ਦੀ ਪੜਾਈ ਸ਼ੁਰੂ ਕਰ ਦਿੱਤੀ ਹੈ । ਬਾਕੀ ਦੇ ਵਿਦਿਆਰਥੀ ਸੋਸਾਇਟੀ ਦੁਆਰਾ ਸੇਵਾ ਵਿੱਚ ਲਗਾ ਦਿੱਤੇ ਗਏ ਹਨ । ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ।

| ਨਾਮ | |
|---|---|
| ਭਾਈ ਜੀਵਨਜੋਤ ਸਿੰਘ | ਐਮ.ਏ. ਗੁਰਮਤਿ ਸੰਗੀਤ, ਪੰਜਾਬੀ ਯੂਨੀਵਰਸਿਟੀ ਪਟਿਆਲਾ |
| ਭਾਈ ਪਵਨਦੀਪ ਸਿੰਘ | ਐਮ.ਏ. ਗੁਰਮਤਿ ਸੰਗੀਤ, ਪੰਜਾਬੀ ਯੂਨੀਵਰਸਿਟੀ ਪਟਿਆਲਾ |
| ਭਾਈ ਨਵਦੀਪ ਸਿੰਘ | ਐਮ.ਏ. ਕੰਮਪੈਰਟਿਵ ਰਿਲਿਜ਼ਨ , ਟੋਹੜਾ ਇਨਸਟੀਚਿਊਟ ਪਟਿਆਲਾ |
| ਭਾਈ ਜੈਮਲ ਸਿੰਘ | ਐਮ.ਏ. ਸਿੱਖ ਸਟੱਡੀ, ਵਿਸਵ ਸਿੱਖ ਯੂਨੀਵਰਸਿਟੀ ਸ੍ਰੀ ਫਤਹਿਗੜ ਸਾਹਿਬ |
| ਭਾਈ ਰਣਜੀਤ ਸਿੰਘ | ਗੁਰਦੁਆਰਾ ਸਾਹਿਬ ਸੈਕਟਰ -29 ਚੰਡੀਗੜ |
| ਭਾਈ ਰਵਿੰਦਰ ਸਿੰਘ | ਗੁਰਦੁਆਰਾ ਸਾਹਿਬ ਸੈਕਟਰ -43 ਚੰਡੀਗੜ |
| ਭਾਈ ਅਮਨਜੋਤ ਸਿੰਘ | ਗੁਰਦੁਆਰਾ ਸਾਹਿਬ ਸੈਕਟਰ -38 ਚੰਡੀਗੜ |
| ਭਾਈ ਬਲਵਿੰਦਰ ਸਿੰਘ | ਗੁਰਦੁਆਰਾ ਸਾਹਿਬ, ਛੱਜੂ ਮਾਜ਼ਰਾ ਕਲੋਨੀ , ਮੁੰਡੀ ਖਰੜ |
| ਭਾਈ ਜਗਜੀਤ ਸਿੰਘ | ਆਈ ਲੈਟਸ ਦੀ ਤਿਆਰੀ ਕਰ ਰਹੇ ਹਨ । U.S.A. ਵਿੱਚ ਨਿਯੁਕਤੀ ਲਈ ਵਿਚਾਰ ਅਧੀਨ ਹੈ |
| ਭਾਈ ਕੁਲਦੀਪ ਸਿੰਘ | ਪਿੰਡ ਵਿੱਚ ਆਪਣੇ ਤੌਰ ਤੇ ਪ੍ਰਚਾਰ ਕਰ ਰਹੇ ਹਨ |

**2013-2016 :-** ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2013-2016 ਦੇ 5 ਵਿਦਿਆਰਥੀਆਂ ਨੇ ਬੀ.ਏ ਭਾਗ ਦੂਜਾ ਦੇ ਪੇਪਰ ਦਿੱਤੇ ਜੋ ਚੰਗੇ ਨੰਬਰਾਂ ਨਾਲ ਪਾਸ ਹੋਏ ਹਨ ਹੁਣ ਇਹਨਾਂ ਵਿੱਚੋ 1 ਵਿਦਿਆਰਥੀਆਂ ਨੇ ਘਰੇਲੂ ਮਜਬੂਰੀਆਂ ਕਾਰਨ ਕੋਰਸ ਵਿੱਚ ਹੀ ਛੱਡ ਦਿੱਤਾ ਹੈ ਇਸ ਕਾਰਨ 2013-2016 ਦੇ 4 ਵਿਦਿਆਰਥੀ ਹੀ ਹਨ । ਇਨਾਂ ਦੀ B.A. (Final) ਦੀ ਪੜ੍ਹਾਈ ਸੰਤੋਸ਼ਜਨਕ ਤਰੀਕੇ ਨਾਲ ਚਲ ਰਹੀ ਹੈ ।

**ਸੈਸ਼ਨ 2014-2017** ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2014-2017 ਦੇ 14 ਵਿਦਿਆਰਥੀਆਂ ਨੇ ਬੀ.ਏ ਭਾਗ ਪਹਿਲਾ ਦੇ ਪੇਪਰ ਦਿੱਤੇ ਜਿਹਨਾਂ ਵਿੱਚੋ 12 ਵਿਦਿਆਰਥੀ ਚੰਗੇ ਨੰਬਰਾਂ ਨਾਲ ਪਾਸ ਹੋਏ ਹਨ । ਇੱਕ ਵਿਦਿਆਰਥੀ ਦੀ ਇੰਗਲਿਸ਼ ਵਿੱਚ ਰੀਅਪੀਅਰ ਹੈ ਅਤੇ ਇੱਕ ਵਿਦਿਆਰਥੀ ਅਸਫਲ ਰਿਹਾ ਹੈ । ਇਹਨਾਂ ਵਿੱਚੋ 1 ਵਿਦਿਆਰਥੀ ਨੇ ਘਰੇਲੂ ਮਜਬੂਰੀਆਂ ਕਾਰਨ ਕੋਰਸ ਵਿੱਚ ਹੀ ਛੱਡ ਦਿੱਤਾ ਹੈ ਇਸ ਕਾਰਨ 2014-2017 ਦੇ 12 ਵਿਦਿਆਰਥੀ ਹੀ ਹਨ ।

**ਸੈਸ਼ਨ 2015-2018** ਮਿਤੀ 19-07-2015 ਨੂੰ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2015-2018 ਸ਼ੁਰੂ ਕੀਤਾ ਗਿਆ । ਜਿਸ ਵਿੱਚ **12 ਨਵੇ ਵਿਦਿਆਰਥੀ ਭਰਤੀ ਕੀਤੇ ਗਏ ਹਨ** । ਇਸ ਪ੍ਰਕਾਰ B.A. ਕੋਰਸ ਦੀਆਂ ਤਿੰਨ ਕਲਾਸਾ ( ਪਹਿਲਾ ਸਾਲ, ਦੂਜਾ ਸਾਲ, ਤੀਜਾ ਸਾਲ) ਚੱਲ ਰਹੀਆਂ ਹਨ । ਬੀ.ਏ ਦੀਆਂ ਕਲਾਸਾਂ ਲਈ ਤਿੰਨ ਇੰਗਲਿਸ਼ ਦੇ ਟੀਚਰ ਸ੍ਰੀਮਤੀ ਸਾਗਰੀ ਥਾਪਰ ਤੇ ਸ੍ਰੀ ਮਤੀ ਰੇਨੂੰ ਸ਼ਰਮਾ, ਸ੍ਰੀਮਤੀ ਹਰਦੀਪ ਕੌਰ ਸਲੂਜਾ ਨਿਸ਼ਕਾਮ ਸੇਵਾ ਨਿਭਾ ਰਹੇ ਹਨ ਅਤੇ ਚੋਥੇ ਟੀਚਰ ਮਿਸ ਸਾਰਜਾ ਕੁਮਾਰੀ ਹਨ। ਰਿਲਿਜ਼ਨ ਭਾਈ ਹਰਵੀਰ ਸਿੰਘ , ਵਾਈਸ ਪ੍ਰਿੰਸੀਪਲ, ਅਤੇ ਗੁਰਮਤਿ ਸੰਗੀਤ, ਪ੍ਰੋ. ਜਸਵਿੰਦਰ ਸਿੰਘ ਤੇ ਤਬਲਾ ਸਿਖਲਾਈ, ਭਾਈ ਅਮਨਦੀਪ ਸਿੰਘ, ਪੰਜਾਬੀ ਲਾਜ਼ਮੀ ਤੇ ਪੰਜਾਬੀ ਇਲੈਕਟਿਵ, ਸ.ਰਵਿੰਦਰ ਸਿੰਘ ਪੜ੍ਹਾ ਰਹੇ ਹਨ। ਤਿੰਨਾਂ ਗਰੁੱਪਾ ਦੀ ਪੜ੍ਹਾਈ ਸੁਚੱਜੇ ਢੰਗ ਨਾਲ ਚੱਲ ਰਹੀ ਹੈ।

B.A ਦੇ ਕੋਰਸ ਵਿੱਚ ਗੁਰਮਤਿ ਸੰਗੀਤ ਦਾ ਵਿਸ਼ਾ ਵਿਸ਼ੇਸ਼ ਤੌਰ ਤੇ ਲਿਆ ਗਿਆ ਹੈ ਤਾਂ ਜੋ ਇਨ੍ਹਾਂ ਨੂੰ ਸੁਚੱਜੇ ਕੀਰਤਨੀਏ /ਪ੍ਰਚਾਰਕ ਬਣਾਇਆ ਜਾ ਸਕੇ।

ਗੁਰਮਤਿ ਦੀਆਂ ਕਲਾਸਾ ਦੀ ਸੇਵਾ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਤੋਂ ਛੁੱਟ ਭਾਈ ਹਰਵੀਰ ਸਿੰਘ ਵਾਈਸ ਪ੍ਰਿੰਸੀਪਲ, ਗਿਆਨੀ ਜਸਵਿੰਦਰ ਸਿੰਘ ਅਤੇ ਭਾਈ ਪ੍ਰਦੀਪ ਸਿੰਘ ਨਿਭਾ ਰਹੇ ਹਨ । ਗਿਆਨੀ ਜਸਵਿੰਦਰ ਸਿੰਘ ਸੋਸਾਇਟੀ ਤੋਂ ਟ੍ਰੇਨਿੰਗ ਲੈ ਕੇ ਪਹਿਲਾ ਤਿੰਨ ਸਾਲ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਿਖੇ ਤੇ ਹੁਣ ਗੁਰਦੁਆਰਾ ਸਾਚਾ ਧੰਨ ਸਾਹਿਬ, ਮੋਹਾਲੀ ਵਿਖੇ ਹੈਡ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ । ਭਾਈ ਪ੍ਰਦੀਪ ਸਿੰਘ ਵੀ ਸੋਸਾਇਟੀ ਤੋਂ ਟ੍ਰੇਨਿੰਗ ਲੈ ਕੇ ਪਹਿਲਾ ਗੁਰਦੁਆਰਾ 38 ਸੈਕਟਰ ਚੰਡੀਗੜ ਅਤੇ ਹੁਣ ਅਕਾਲ ਆਸ਼ਰਮ ਸੋਹਾਣਾ ਵਿਖੇ ਕਥਾ ਵਾਚਕ ਦੀ ਸੇਵਾ ਨਿਭਾ ਰਹੇ ਹਨ ।

ਸੋਸਾਇਟੀ ਸਮੂੰਹ ਅਧਿਆਪਕਾਂ ਦਾ ਧੰਨਵਾਦਿ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੀ ਹੈ ਅਤੇ ਆਸ ਕਰਦੀ ਹੈ ਕਿ ਉਨ੍ਹਾਂ ਦੀ ਲਗਨ ਅਤੇ ਮੇਹਨਤ ਸਦਕਾ ਇਹ ਵਿਦਿਆਰਥੀ ਚੰਗੇ ਨਤੀਜੇ ਲਿਆਣ ਵਿੱਚ ਸਫਲ ਹੋਣਗੇ ।

**ਨਵੇਂ ਬੈਚ 2016-19 ਦੀ ਭਰਤੀ ਦੀ ਤਿਆਰੀ :-** ਇਸ ਸਮੇਂ 27 ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਹਨ । ਗੁਰਮਤਿ ਪ੍ਰਚਾਰਕ/ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2016-2019 ਦੇ ਨਵੇ ਬੈਚ ਵਿਚ 15 ਵਿਦਿਅਰਾਰਥੀਆਂ ਦੀ ਭਰਤੀ ਕਰਨ ਦਾ ਵਿਚਾਰ ਹੈ । ਨਵੇ ਬੈਚ ਦੀ ਭਰਤੀ ਕਰਨ ਉਪਰੰਤ ਵਿਦਿਆਰਥੀਆਂ ਦੀ ਗਿਣਤੀ ਵੱਧ ਕੇ 41 ਹੋ ਜਾਵੇਗੀ । ਇਹਨਾ ਵਿਦਿਆਰਥੀਆਂ ਦੀ B.A ਦੀ ਪੜਾਈ ਲਈ ਯੂਨੀਵਰਸਿਟੀ ਦੀ ਦਾਖਲਾ ਫ਼ੀਸ ਅਤੇ ਕਿਤਾਬਾ ਤੇ ਤਕਰੀਬਨ 15,000/ ਪ੍ਰਤੀ ਵਿਦਿਆਰਥੀ ਸਲਾਨਾ ਖਰਚੇ ਤੋਂ ਇਲਾਵਾ ਇਨ੍ਹਾਂ ਦੇ ਨਿਤਾ ਪ੍ਰਤੀ ਦੇ ਲੰਗਰ ਰਿਹਾਇਸ਼, ਕਿਤਾਬਾ ਅਤੇ ਟਿਊਸ਼ਨ ਆਦਿ ਤੇ ਤਕਰੀਬਨ 4,000/ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਦਾ ਖਰਚਾ ਹੋਂਦਾ ਹੈ । ਇਸ ਤੋਂ ਇਲਾਵਾ ਨਵੇ ਬੈਚ ਦੇ ਬਚਿਆਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ ਪਵੇਗਾ ਜਿਸ ਲਈ ਦੂਸਰੀ ਮੰਜਿਲ ਤੇ ਉਸਾਰੀ ਕਰਨੀ ਲੋੜੀਂਦੀ ਹੈ । ਇਮਾਰਤ ਦੀ ਉਸਾਰੀ ਤੇ ਤਕਰੀਬਨ 35.00 ਲੱਖ ਰੁਪੈ ਦੇ ਖਰਚੇ ਦਾ ਅਨੁਮਾਨ ਹੈ । ਆਪ ਜੀ ਦੇ ਸਹਿਯੋਗ ਦੀ ਪੂਰਨ ਆਸ ਕਰਦੇ ਹਾਂ ਤਾਂ ਜੋ ਇਸ ਪ੍ਰਜੈਕਟ ਨੂੰ ਸਫਲਤਾ ਸਹਿਤ ਚਲਾਇਆ ਜਾ ਸਕੇ । ਆਪ ਜੀ ਦੀਆਂ ਅਸੀਸ਼ਾਂ ਅਤੇ ਸੁਝਾਵਾਂ ਲਈ ਸਦਾ ਤੱਤਪਰ ਰਹਾਂਗੇ ।

## ਸਮਾਜ ਭਲਾਈ ਸੇਵਾਵਾਂ

**ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ :–** ਜਿਵੇਂ ਕਿ ਸਮੂੰਹ ਮੈਂਬਰ ਸਹਿਬਾਨ ਨੂੰ ਪਤਾ ਹੈ ਕਿ ਅਪ੍ਰੈਲ 2009 ਤੋਂ ਸੰਗਤਾਂ ਦੀ ਸੇਵਾ ਲਈ ਇਕ ਮੈਡੀਕਲ ਸੇਵਾ ਸੈਂਟਰ ਚਲ ਰਿਹਾ ਹੈ। ਇਸ ਸੈਂਟਰ ਵਿਚ ਅੱਖਾਂ ਦੇ ਡਾਕਟਰ, ਦਿਲ ਤੇ ਦਿਮਾਗ ਦੀਆਂ ਬੀਮਾਰੀਆਂ ਦੇ ਡਾਕਟਰ, ਜਨਰਲ ਬਿਮਾਰੀਆਂ ਦੇ ਡਾਕਟਰ, ਜਨਾਨਾ ਬੀਮਾਰੀਆਂ ਦੀ ਡਾਕਟਰ, ਦੰਦਾਂ ਦੇ ਡਾਕਟਰ, ਹੋਮਿਓਪੈਥਿਕ ਡਾਕਟਰ ਸੇਵਾਵਾਂ ਨਿਭਾ ਰਹੇ ਹਨ। ਸਾਰੇ ਮਰੀਜ਼ਾਂ ਨੂੰ ਦਵਾਈਆਂ MRP ਤੋਂ 30% ਘੱਟ ਕੀਮਤ ਤੇ ਦਿਤੀਆਂ ਜਾਦੀਆਂ ਹਨ ।ਬਜੁਰਗਾਂ ਅਤੇ ਹੋਰ ਲੋੜਵੰਦਾਂ ਨੂੰ ਵਿਸ਼ੇਸ਼ ਛੋਟ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬਿਮਾਰੀਆਂ ਸੰਬੰਧੀ ਕਲਿਨੀਕਲ ਟੈਸਟ ਲਈ ਇਕ ਲੈਬ ਚਲਾਈ ਜਾ ਰਹੀ ਹੈ ਜਿਸ ਵਿਚ ਚੈਰੀਟੇਬਲ ਆਧਾਰ ਤੇ ਟੈਸਟ ਕੀਤੇ ਜਾਂਦੇ ਹਨ। ਫਰਵਰੀ 2015 ਤੋਂ ਜਨਵਰੀ 2016 ਤੱਕ ਇਸ ਸੈਂਟਰ ਦੀਆਂ ਸੇਵਾਵਾਂ ਪ੍ਰਾਪਤ ਕਰਨ ਵਾਲਿਆਂ ਦੇ ਅੰਕੜੇ ਹੇਠ ਦਿਤੇ ਗਏ ਹਨ:

**ਮੈਡੀਕਲ ਸੇਵਾ ਸੈਂਟਰ ਦੀ ਰਿਪੋਰਟ :–** *April 2015 To Jan 2016*

| Name of Dept. | General Medicine | Eyes | Cardiology | Dental | Gynae | Homeopathy | Physiotherapy | Total | Lab |
|---|---|---|---|---|---|---|---|---|---|
| | 2214 | 322 | 422 | 910 | 547 | 2160 | 104 | 6689 | 587 |

**ਮੈਡੀਕਲ ਸੇਵਾ ਸੈਂਟਰ ਵਿੱਚ ਸੇਵਾ ਨਿਭਾ ਰਹੇ ਡਾਕਟਰ ਸਾਹਿਬਾਨ ਦਾ ਵੇਰਵਾ ਹੇਠ ਅੰਕਿਤ ਹੈ ।**

| | | |
|---|---|---|
| **Dr. Dalbir Singh,** MD.FICA (USA) | Cardioligst | Tuesday |
| **Dr. Rana Harinder** (Obest & Gynae), MBBS, MD | Gynaecologist | Wednesday & Friday |
| **Dr. Harpreet Kaur,** (M.B.B.S.) | General Physician | Monday, Tuesday & Thursday |
| **Dr. Devinder Garg,** MBBS | General Physician | Saturday |
| **Dr. Priyanka Singh,** B.D.S | Dental Surgeon | Monday, Tuesday & Friday, Saturday |
| **Dr. Manoj Gupta** M.S. (Ophthalmology) | Eye | Friday |
| **Dr. S.S. Walia,** (R.M.P.) | Homoeopath | Wednesday & Friday |
| **Dr. Satwant Singh** (R.M.P) | Homoeopath | Monday, Tuesday & Saturday |
| **Dr. Ekta Semwal,** (B.H.M.S.) | Homoeopath | Thursday |
| **Mrs. Satnam Kaur** | Optician | Friday |
| **Dr. Sumriti Singh (B.P.T.)** | Physiotherapy | Monday To Saturday |

Laboratory :- Monday to Saturday

ਇਹ ਸਾਰੀਆਂ ਸੇਵਾਵਾਂ Sewak's Charitable Trust Chandigarh ਦੇ ਸਹਿਯੋਗ ਨਾਲ ਚਲ ਰਹੀਆਂ ਹਨ। ਸੋਸਾਇਟੀ ਸਮੂਹ ਸੰਗਤਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦਿ ਕਰਦੀ ਹੈ।

**ਫ੍ਰੀ ਮੈਡੀਕਲ ਕੈਂਪ ਮਿਤੀ 05-12-2015 :-**

ਮਿਤੀ 05-12-2015 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਅਤੇ ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ (ਰਜਿ.) ਦੇ ਉਪਰਾਲੇ ਨਾਲ ਇਕ ਫ੍ਰੀ ਮੈਡੀਕਲ ਸੇਵਾ ਕੈਂਪ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ, ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ 200 ਪ੍ਰਾਣੀਆਂ ਨੇ ਡਾਕਟਰੀ ਸੇਵਾਵਾ ਦਾ ਲਾਭ ਉਠਾਇਆ ।

ਇਸ ਕੈਂਪ ਵਿਚ ਦਿਲ / ਦਿਮਾਗ ਦੇ ਮਰੀਜ਼ਾਂ ਦਾ ਚੈਕ ਅੱਪ ਡਾ. ਦਲਬੀਰ ਸਿੰਘ M.D. FICA (USA), ਅੱਖਾਂ ਦੀ

ਬੀਮਾਰੀਆਂ ਦੇ ਚੈਕ ਅੱਪ ਦੀ ਸੇਵਾ ਡਾ. ਮਨੋਜ ਗੁਪਤਾ (MD) ਜਨਰਲ ਚੈਕ ਅੱਪ ਦੀ ਸੇਵਾ ਡਾ. ਹਰਪ੍ਰੀਤ ਕੌਰ MBBS ਦੰਦਾ ਦਾ ਚੈਕ ਅੱਪ ਡਾ. ਪ੍ਰਿਅੰਕਾ ਸਿੰਘ ਅਤੇ ਫਿਜਿਓਥਰੈਪੀ ਦੀ ਸੇਵਾ ਡਾ. ਸੁਮਰਿਤੀ ਸਿੰਘ BPT ਅਤੇ ਹੋਮਿਓਪੈਥਿਕ ਦਵਾਈਆਂ ਦੀ ਸੇਵਾ ਡਾ. ਐਸ. ਐਸ. ਵਾਲੀਆ RMP ਨੇ ਨਿਭਾਈ।

ਰਿਆਇਤੀ ਕੀਮਤਾਂ ਤੇ ਐਨਕਾਂ ਬਣਾਉਣ ਦੀ ਸੇਵਾ ਬੀਬੀ ਸਤਨਾਮ ਕੌਰ Vahoo Optics ਮੋਹਾਲੀ ਵਾਲਿਆਂ ਨੇ ਕੀਤੀ। ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾ ਨੇ ਲਾਭ ਉਠਾਇਆ।

**ਫਿਜਿਓਥਰੈਪੀ ਵਿੰਗ ਦੀ ਸਥਾਪਨਾ** :- ਇਸ ਮੌਕੇ ਤੇ ਵਾਹਿਗੁਰੂ ਅਕਾਲ ਪੁਰਖ ਦਾ ਓਟ ਆਸਰਾ ਲੈਦੇਂ ਹੋਏ ਅਰਦਾਸ ਕਰਕੇ ਮੈਡੀਕਲ ਸੇਵਾ ਸੈਂਟਰ ਵਿਖੇ ਨਵੇ ਫਿਜਿਓਥਰੈਪੀ ਵਿੰਗ ਦੀ ਅਰੰਭਤਾ ਕੀਤੀ ਗਈ।ਫਿਜਿਓਥਰੈਪੀ ਦੀ ਸੇਵਾ ਡਾ. ਸੁਮਰਿਤੀ ਸਿੰਘ ਫਿਜਿਓਥਰੈਪਿਸਟ ਦੀ ਸੇਵਾ ਨਿਭਾ ਰਹੇ ਹਨ।

ਇਸ ਮੌਕੇ ਤੇ ਸੋਸਾਇਟੀ ਦੇ ਮੁੱਖ ਸੇਵਾਦਾਰ ਸ. ਡੀ. ਪੀ. ਸਿੰਘ, ਸਲਾਹਕਾਰ ਮੇਜਰ ਜੋਗਿੰਦਰ ਸਿੰਘ ਅਤੇ ਮੇਜਰ ਕਰਨੈਲ ਸਿੰਘ, ਅਤੇ ਸ. ਸਰਬਜੀਤ ਸਿੰਘ ਸਕਤੂ (ਸੋਸ਼ਲ ਵੈਲਫੇਅਰ), ਮੀਤ ਪ੍ਰਧਾਨ ਸ. ਗੁਰਦੀਪ ਸਿੰਘ,ਸ. ਹਰਜਿੰਦਰ ਸਿੰਘ ਸਚਦੇਵਾ, ਸ. ਇੰਦਰਜੀਤ ਸਿੰਘ, ਸ. ਭੁਪਿੰਦਰ ਸਿੰਘ, ਸ. ਮੋਹਿੰਦਰ ਸਿੰਘ ਮੋਗੀਆ, ਸ. ਮੋਹਿੰਦਰ ਸਿੰਘ ਸੂਦਨ, ਸ. ਗੁਰਜੀਤ ਸਿੰਘ ਆਹਲੂਵਾਲੀਆ, ਡਾ. ਐਸ. ਐਸ. ਵਾਲੀਆ, ਸ. ਬਲਵਿੰਦਰ ਸਿੰਘ ਸਾਗਰ ਮੈਂਬਰ ਹਾਜਰ ਸਨ।ਇਸ ਤੋਂ ਇਲਾਵਾ ਬਹੁਤ ਵਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀਆਂ ਭਰੀਆਂ।

ਇਸ ਮੌਕੇ ਸੇਵਕ ਚੈਰੀਟੇਬਲ ਟ੍ਰਸਟ ਦੇ ਫਾਊਂਡਰ ਟ੍ਰਸਟੀ, ਸ.ਕੇ.ਐਸ.ਚੁੱਘ ਅਤੇ ਟ੍ਰਸਟੀ ਸ. ਹਰਭਜਨ ਸਿੰਘ ਚੋਪਰਾ C.A. ਨੇ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰੀਆਂ।

ਕੈਂਪ ਦੌਰਾਨ ਸੰਗਤਾ ਦੀ ਸੇਵਾ ਲਈ ਚਾਹ ਦਾ ਲੰਗਰ ਚਲਦਾ ਰਿਹਾ। ਸੰਗਤਾ ਨੇ ਸੋਸਾਇਟੀ ਦੇ ਉਪਰਾਲੇ ਦੀ ਭਰਵੀ ਸਲਾਘਾ ਕੀਤੀ ਅਤੇ ਇਹੋ ਜਿਹੇ ਹੋਰ ਵੀ ਕੈਂਪ ਕਰਨ ਦੀ ਬੇਨਤੀ ਕੀਤੀ।

ਸੋਸਾਇਟੀ ਸਮੂਹ ਸੰਗਤਾ ਦਾ, ਡਾਕਟਰ ਸਾਹਿਬਾਨ ਦਾ ਅਤੇ ਹੋਰ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਦਾ ਹਾਰਦਿਕ ਧੰਨਵਾਦਿ ਕਰਦੀ ਹੈ।

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਦੇ ਸਮੂੰਹ ਟ੍ਰਸਟੀਆਂ ਦਾ ਹਾਰਦਿਕ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ ਇਸ ਕੈਂਪ ਨੂੰ ਸਪਾਨਸਰ ਕੀਤਾ ਅਤੇ ਸੰਗਤਾਂ ਦੀ ਅਸੀਸਾਂ ਪ੍ਰਾਪਤ ਕੀਤੀਆਂ।

## Website

ਪਿਛਲੇ ਸਾਲ ਫਰਵਰੀ 2015 ਵਿੱਚ ਜਨਰਲ ਇਕਤ੍ਰਤਾ ਦੋਰਾਨ ਸੋਸਾਇਟੀ ਦੀ Website ਦੀ ਅਰੰਭਤਾ ਕੀਤੀ ਗਈ ਸੀ। ਇਸ site ਨੂੰ ਲਗਾਤਾਰ ਚਲ ਰਹੀਆਂ ਗਤੀਵਿਦੀਆਂ ਨਾਲ Update ਕੀਤਾ ਜਾ ਰਿਹਾ ਹੈ। ਸਮੂੰਹ ਮੈਂਬਰ ਸਾਹਿਬਾਨ ਨੂੰ ਸਨਿਮਰ ਬੇਨਤੀ ਹੈ ਕਿ ਇਸ site (www.gurmatparsar.com) ਨੂੰ ਦੇਖਣ ਅਤੇ ਇਸ ਦੇ ਵਿਕਾਸ ਲਈ ਅਪਣੇ ਬਹੁ ਮੁਲੇ ਸੁਝਾਉ ਭੇਜਣ ਦੀ ਕਿਰਪਾਲਤਾ ਕਰਨ।

ਆਮਦਨ ਖਰਚ:-

(1) ਸੋਸਾਇਟੀ / ਟ੍ਰਸਟ ਦੀ ਆਮਦਨ-ਖਰਚ ਦਾ ਹਿਸਾਬ ਬੜੇ ਸੁਚੱਜੇ ਢੰਗ ਨਾਲ ਰਖਿਆ ਜਾ ਰਿਹਾ ਹੈ ਅਤੇ ਗਵਰਨਿੰਗ ਬਾਡੀ ਦੀ ਹਰ ਇਕਤ੍ਰਤਾ ਸਮੇ ਇਸ ਦੀ ਪ੍ਰਵਾਨਗੀ ਲਈ ਜਾਂਦੀ ਹੈ।

(2) ਸਾਲ 2014-2015 ਦਾ ਹਿਸਾਬ-ਕਿਤਾਬ ਆਡਿਟ ਕਰਵਾ ਲਿਆ ਗਿਆ ਹੈ ਅਤੇ Income Tax Return ਇਨਕਮ ਟੈਸਟ ਡਿਪਾਰਟਮੈਂਟ ਨੂੰ ਭੇਜ ਦਿੱਤੀ ਗਈ ਹੈ। ਆਡੀਟਰ ਵਲੋਂ ਹਿਸਾਬ-ਕਿਤਾਬ ਵਿਚ ਕਿਸੇ ਕਿਸਮ ਦੀ ਟਿਪਣੀ ਨਹੀਂ ਹੈ।

(3) ਇਨਕਮ ਟੈਕਸ ਦੀ ਧਾਰਾ 80G ਦੇ ਅੰਤਰਗਤ ਟੈਕਸ ਤੋਂ ਛੋਟ ਪ੍ਰਾਪਤ ਹੈ।

**ਧੰਨਵਾਦ :- ਸੋਸਾਇਟੀ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਕੋਟਾਨ ਕੋਟਿ ਸ਼ੁਕਰਾਨਾ ਕਰਦੀ ਹੈ। ਸੋਸਾਇਟੀ ਸਮੂਹ ਸਾਧ**

ਸੰਗਤਾਂ ਅਤੇ ਸਹਿਯੋਗੀਆਂ ਦਾ, ਵੱਖ ਵੱਖ ਗੁਰਦੁਆਰਿਆਂ ਦੇ ਪ੍ਰਬੰਧਕਾਂ ਦਾ ਅਤੇ ਹੇਠ ਲਿਖੀਆ ਸੰਸਥਾਵਾਂ ਦਾ ਵਿਸ਼ੇਸ਼ ਤੌਰ ਤੇ ਹਾਰਦਿਕ ਧੰਨਵਾਦ ਕਰਦੀ ਹੈ ਜੋ ਇਸ ਮਹਾਨ ਕਾਰਜ ਦੀ ਸਫਲਤਾ ਲਈ ਭਰਵਾਂ ਸਹਿਯੋਗ ਦੇ ਰਹੇ ਹਨ।

**(1)** ਸੇਵਕਸ ਚੈਰੀਟੇਬਲ ਟ੍ਰਸਟ (ਰਜਿ.) SCO 1104-05 ਸੈਕਟਰ 22B, ਚੰਡੀਗੜ੍ਹ, ਜਿਨ੍ਹਾਂ ਮੈਡੀਕਲ ਸੇਵਾ ਸੈਂਟਰ ਸਥਾਪਿਤ ਕਰਨ ਲਈ ਮਸ਼ੀਨਾਂ ਦਿਤੀਆਂ ਹਨ ਅਤੇ ਨਿਜੀ ਸਹਿਯੋਗ ਪ੍ਰਦਾਨ ਕਰ ਰਹੇ ਹਨ।

**(2)** ਆਲ ਇੰਡੀਆ ਸਿੱਖ ਫੈਡਰੇਸਨ, ਨਵੀ ਦਿੱਲੀ ਜੋ ਲਗਾਤਾਰ ਹਰ ਮਹੀਨੇ ਮਾਲੀ ਸੇਵਾ ਕਰ ਰਹੇ ਹਨ।

**(3)** ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਚੰਡੀਗੜ੍ਹ

**(4)** ਸਬਦ ਕੀਰਤਨ ਨਾਮ ਸਿਮਰਨ ਸਤਿਸੰਗਿ, ਸ੍ਰੀ ਅੰਮ੍ਰਿਤਸਰ ।

**(5)** ਜਨਰਲ(ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ, ਚੰਡੀਗੜ।

---

## ਏਜੰਡਾ ਨੰ. 4 ਸਾਲ 2016-2017 ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ

## (A) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ

(1) 45 ਗੁਰਮਤਿ ਪ੍ਰਸਾਰ ਸੇਵਕਾਂ ਦੀ ਟ੍ਰੇਨਿੰਗ (Batch 1 , Batch 2 & Batch 3)

(2) ਗੁਰਮਤਿ ਸਮਾਗਮਾਂ (ਜੀਵਨ ਜੁਗਤਿ) ਦੀਆਂ ਲੜੀਆਂ ਦਾ ਆਯੋਜਨ

(3) ਪਾਠ ਬੋਧ ਸਮਾਗਮ ਦਾ ਆਯੋਜਨ

## ਜੀਵਨ ਜੁਗਤਿ ਸਮਾਗਮ :-

(1) ਜੂਨ 2016 ਵਿੱਚ ਸ਼ਹੀਦੀ ਦਿਵਸ-ਗੁਰੂ ਅਰਜੁਨ ਦੇਵ ਜੀ

(2) ਸਤੰਬਰ 2016 ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਅਤੇ ਨਵੰਬਰ 2016 ਗੁਰਗੱਦੀ ਨਸ਼ੀਨੀ ਪੁਰਬ ਦੇ ਸੰਬੰਧ ਵਿੱਚ

(3) ਗੁਰਪੁਰਬਾਂ ਅਤੇ ਇਤਿਹਾਸਕ ਦਿਹਾੜਿਆਂ ਤੇ ਵਿਸ਼ੇਸ਼ ਸਮਾਗਮ (Local)

## (B) ਸਮਾਜ ਭਲਾਈ ਦੇ ਕੰਮਾਂ ਲਈ ਪ੍ਰੋਜੈਕਟ

(1) ਸੰਗਤਾਂ ਦੀ ਸੇਵਾ ਲਈ ਖੋਲੇ ਗਏ ਮੈਡੀਕਲ ਸੇਵਾ ਸੈਂਟਰ ਦਾ ਵਿਕਾਸ

(2) ਮੈਡੀਕਲ ਕੈਂਪ / Blood Donation Camp

(3) ਗਰੀਬ ਅਤੇ ਲੋੜਵੰਦ ਬੱਚਿਆਂ ਦੀ ਪੜਾਈ ਅਤੇ ਉੱਚ ਪਧਰੀ ਸਿਖਿਆ ਵਿਚ ਸਹਾਇਤਾ

**(4)** ਗੁਰਮਤਿ ਅਤੇ ਕੀਰਤਨ ਸਿਖਲਾਈ ਕਲਾਸਾਂ ਦਾ ਆਯੋਜਨ

Agenda Item No. 5 (A)

# GURMAT PARSAR SEWA SOCIETY

## Expenditure Budget for the year 2016-2017

**EXPENSES**

| | | | |
|---|---|---|---|
| **(1)** | **TRAINING** | | |
| | **Training Expenses per month for 45 Gurmat Parsar Trainees** | | |
| **(A)** | **Recurring Expenses** | | |
| | -- Boarding & Lodging for 28 students @ Rs 2000/ per month | 56,000 | |
| | Expenses for 12 months for 28 students Rs. 56,000 x 12 | | 6,72,000 |
| | --Boarding & Lodging for 17 new students @ Rs. 2000 per month | 34,000 | |
| | Expenses for 9 months for 17 students Rs. 34000 x 9 | | 3,06,000 |
| | -- Lecturers/ Professors Guest Faculty @ Rs. 10000 □ 6 | 60,000 | |
| | Expenses for 12 months 60,000 x 12 | | 7,20,000 |
| | Gurmat Sangeet Development | | 1,02,000 |
| | | | 18,00,000 |
| **(B)** | **One Time Expenses** | | |
| | -- University Admission Fee @ 12,000/- per trainee x 45 students | 5,40,000 | |
| | -- Stationary & Books @ Rs. 3000/- per trainee x 45 students | 1,35,000 | 6,75,000 |
| | Grand Total (Training) | | 24,75,000 |
| **(2)** | **News Letter/ Literature/ Samagam** | | |
| | -- News Letters @ 3500 per month | 42,000 | |
| | -- Gurmat Literature & Publications | 50,000 | |
| | -- Gurdwara Sahib/ Gurmat Smagam Exp. | 3,00,000 | |
| | | 3,92,000 | 3,92,000 |
| **(3)** | **Admn. Expenses** | | |
| | -- Staff Salaries (Annexure A) | 6,00,000 | |
| | -- Advertisement for Recruitment & others | 30,000 | |
| | -- Computer Maintenance, Repair & Upgradation | 35,000 | |
| | -- Printing & Stationery | 60,000 | |
| | -- Postage | 30,000 | |
| | -- Telephone | 25,000 | |
| | -- Water, electricity & Diesel (Generator) | 2,20,000 | |
| | -- Vehicle Running & Maintenance Expenses | 2,50,000 | |
| | | 12,50,000 | 12,50,000 |
| **(4)** | **Social Welfare** | | |
| | -- Medical Sewa Centre (ANNEXURE-B ) | 13,69,000 | |
| | -- Social & Economic Development of weaker section & medical camps & Adult Education | 50,000 | |
| | | 14,19,000 | 14,19,000 |
| **(5)** | **Library** | | |
| | -- As per Annexure (C) | 65,000 | 65,000 |
| | Grand Total | | 56,01,000 |
| **Average per month 56,01,000 / 12** | | **4,66,750 or say 4,70,000** | |
| **(6)** | **Capital Expenditure** | | |
| | -- completion of Construction of Gurmat Parsar Bhawan Mundi Kharar (2nd Floor) | | 35,00,000 |
| | -- Additional Furniture | | |
| | (A) Training | 50,000 | |
| | (B) General Adminstration | 50,000 | |
| | (C) New Generator | 4,00,000 | |
| | (D) Computer Software | 2,00,000 | 7,00,000 |
| | | | **42,00,000** |

## GURMAT PARSAR SEWA SOCIETY (Regd.)

Budget for the year 2016-2017

STAFF SALARIES (Annexure A)

| | | |
|---|---|---|
| (1) Vice Principal /Manager | 16,500 | |
| (2) Manager A/c | 6,000 | |
| (3) Typist/ Clerk ( 2 ) @ 3500 | 7,000 | |
| (4) Langri | 7,000 | |
| (5) Sweeper | 3,500 | |
| (6) Driver | 10,000 | |
| (7) Total Per Month | 50,000 | |
| Expenses for the whole year 50,000 x 12 | | 6,00,000 |

**MEDICAL SEWA CENTRE (Annexure B)**

**Honorarium to Doctors (p.m)**

| | | |
|---|---|---|
| (1) General Medicine | 50,000 | |
| (2) Dental Wing | 10,000 | |
| (3) Gynae | 10,000 | |
| (4) Homeopathic & other Services | 5,000 | |
| | 75,000 | |
| For 12 month 75,000 x 12 | | 9,00,000 |
| (2) Registration clerk / Accounts clerk | 4,200 | |
| Dispenser | 4,200 | |
| Attendant | 3,600 | |
| | 12,000 | |
| Total For 12 month 1,2000 x 12 | | 1,44,000 |
| (3) Medicines @ 25,000 x 12 | 3,00,000 | |
| (4) Stationery | 25,000 | |
| Total for the year | 3,25,000 | 3,25,000 |
| Grand Total | | 13,69,000 |

**Library ( Annexure C )**

| | | |
|---|---|---|
| (1) Staff 3000 p. m x 12 = | 36,000 | |
| (2) News Paper / Magazine | 6,000 | |
| (3) Stationery | 3,000 | |
| | 45,000 | 45,000 |
| Addition of Books 20,000 | 20,000 | 20,000 |
| Total For the year | | 65,000 |

## BUDGETED & ACTUAL EXPENDITURE 2015-2016

| | EXP.UP To Jan. 2016 | Estimated expenditure Feb. To March | Total | Budget 2015-2016 | Difference | Proposed Budget 2016-17 |
|---|---|---|---|---|---|---|
| TRAINING | 1238081 | 247616 | 1485697 | 2010000 | -524303 | 2475000 |
| GURDAWARA SAHIB/SAMAGAM | 255172 | 51034 | 306206 | 300000 | 6206 | 300000 |
| ADMN. EXPENSES | 1231386 | 350988 | 1403952 | 986000 | 417952 | 1250000 |
| MEDICAL SEWA CENTRE | 681743 | 136349 | 818092 | 1280000 | -461908 | 1419000 |
| LIBRARY | 7656 | 1531 | 9187 | 62000 | -52813 | 65000 |
| News Letter | 27240 | 5448 | 32688 | 30000 | 2688 | 42000 |
| Publication/Literature | 4800 | ---------- | 4800 | 30000 | -25200 | 50000 |
| **TOTAL** | **3446078** | **792966** | **4239044** | **4698000** | **--458956** | **5601000** |
| CAPITAL/BUILDING EXPRNDITURE | | | | | | 36,00,000 |

## PROPOSED BUDGET OF SOCIETY FOR 2016-2017

### INCOME DETAIL OF 10 MONTH

| | |
|---|---|
| APRIL | 405445 |
| MAY | 179438 |
| JUNE | 447935 |
| JULY | 642605 |
| AUGUST | 335542 |
| SEPTEMBER | 337009 |
| OCTOBER | 254082 |
| NOVEMBER | 283466 |
| DECEMBER | 269535 |
| JANUARY | 302569 |
| TOTAL | 3457626 |

**AVERAGE 10 MONTH** 345763

**EXPENDITURE**

| | | |
|---|---|---|
| Average/Per Month | 470000 | |
| Average Income on the basic of 10 month | 345000 | |
| Deficit/Per month | **-125000** | |
| **Capital Expenditure** | | |
| -- completion of Construction of Gurmat Parsar Bhawan Mundi Kharar (2nd Floor) | | 35,00,000 |
| -- Additional Furniture | | |
| (A) Training | 50,000 | |
| (B) General Adminstration | 50,000 | |
| (C) New Generator | 4,00,000 | |
| (D) Computer Software | 2,00,000 | |
| | 7,00,000 | 7,00,000 |
| | | 42,00,000 |

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਉਦੇਸ਼ ਤੇ ਲਕਸ਼ ਦੀ ਪ੍ਰਾਪਤੀ ਲਈ ਆਰੰਭੇ ਗਏ ਪ੍ਰਾਜੈਕਟ

1. **ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ :-** ਘਟੋ ਘੱਟ 10+2 ਪਾਸ ਬਚਿਆਂ ਨੂੰ ਸਵਾ ਤਿੰਨ ਸਾਲ ਦੇ ਪ੍ਰਚਾਰਕ ਕੋਰਸ ਰਾਹੀਂ ਉਚ ਪੱਧਰ ਦੇ ਪ੍ਰਚਾਰਕ / ਮਿਸ਼ਨਰੀ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।ਉਪਰੋਕਤ ਕੋਰਸ ਦੇ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਿਸਿਟੀ ਪਟਿਆਲਾ ਤੋਂ B.A. ਦੀ ਪੜਾਈ ਵੀ ਕਰਵਾਈ ਜਾ ਰਹੀ ਹੈ । ਇਹ ਸੇਵਾਵਾਂ ਸੰਗਤਾਂ ਦੇ ਸਹਿਯੋਗ ਨਾਲ ਬਿਲਕੁਲ ਮੁਫਤ ਨਿਭਾਈਆਂ ਜਾ ਰਹੀਆਂ ਹਨ ।

2. **ਗੁਰਮਤਿ ਸਮਾਗਮ :-** ਹਰ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਤੋਂ ਗੁਰਗੱਦੀ ਨਸ਼ੀਨੀ ਪੁਰਬ ਤੱਕ ਅਤੇ ਖਾਲਸੇ ਦੇ ਜਨਮ ਦਿਵਸ ਵਿਸਾਖੀ ਤੇ ਗੁਰਮਤਿ ਸਮਾਗਮਾਂ ਦੀਆਂ ਲੜੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸਮਾਗਮ ਨੁਕਤਾਬੱਧ ਤਰੀਕੇ ਨਾਲ, ਇੱਕ ਦਿਨ ਕੇਵਲ ਇੱਕ ਹੀ ਵਿਸ਼ੇ ਤੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਹੁੰਦੀਆਂ ਹਨ।

3. **ਨੁਕਤਾ ਬੱਧ ਲਿਟਰੇਚਰ ਦੀ ਛਪਾਈ :-** ਨੁਕਤਾਬੱਧ ਤਰੀਕੇ ਨਾਲ ਲਿਟਰੇਚਰ ਛਾਪ ਕੇ ਭੇਟਾ ਰਹਿਤ ਸੰਗਤਾਂ ਵਿਚ ਵੰਡੇ ਜਾਂਦੇ ਹਨ। ਹੁਣ ਤੱਕ 50 ਵਿਸ਼ਿਆਂ ਦੇ ਟ੍ਰੈਕਟ ਛਪ ਚੁੱਕੇ ਹਨ।

4. **ਪਾਠ ਬੋਧ ਸਮਾਗਮ :-**ਗੁਰਬਾਣੀ ਨੂੰ ਸ਼ੁੱਧ ਪੜ੍ਹਨ ਅਤੇ ਸਮਝਣ ਲਈ ਸਮੇਂ ਸਮੇਂ ਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਪਾਠ ਬੋਧ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ।ਸੰਗਤਾ ਬਹੁਤ ਉਤਸ਼ਾਹ ਦਿਖਾ ਰਹੀਆਂ ਹਨ।

5. **ਗੁਰਮਤਿ ਪ੍ਰਸਾਰ ਭਵਨ ਦੀ ਉਸਾਰੀ :-** ਮੁੰਡੀ ਖਰੜ (Sunny enclave) ਵਿਖੇ ਉਸਾਰੀ ਚਲ ਰਹੀ ਹੈ। ਇਸ ਭਵਨ ਵਿਚ ਸੋਸਾਇਟੀ ਦੇ ਕਾਰਜਕਾਰੀ ਦਫਤਰ ਤੋਂ ਛੁੱਟ ਗੁਰਦੁਆਰਾ ਸਾਹਿਬ, ਟ੍ਰੇਨਿੰਗ ਇਨਸਟੀਚਿਊਟ, ਮੈਡੀਕਲ ਸੈਂਟਰ, ਲਾਇਬ੍ਰੇਰੀ ਆਦਿ ਹਨ।

6. **ਮੈਡੀਕਲ ਸੇਵਾ ਸੈਂਟਰ ਦੀ ਸਥਾਪਨਾ :-**ਇਕ ਉੱਚ ਪੱਧਰੀ ਮੈਡੀਕਲ ਸੇਵਾ ਸੈਂਟਰ ਚਲ ਰਿਹਾ ਹੈ ਜਿਸ ਵਿਚ ਜਨਰਲ OPD ਦੇ ਨਾਲ ਅੱਖਾਂ ਦੇ ਇਲਾਜ ,ਦਿਲ ਦਿਮਾਗ ਦੀਆਂ ਬੀਮਾਰੀਆਂ ਦੇ ਇਲਾਜ, ਦੰਦਾ ਅਤੇ ਜਨਾਨਾਂ ਬੀਮਾਰੀਆਂ ਦੇ ਇਲਾਜ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਹੋਮਿਓਪੈਥਿਕ ਯੂਨਿਟ, ਫਿਜਿਓਥਰੈਪੀ ਯੂਨਿਟ ਅਤੇ ਕਲਿਨੀਕਲ ਲੈਬ ਵੀ ਚਲ ਰਹੀ ਹੈ। ਸੇਵਾਵਾਂ ਮੁਫਤ ਦਿੱਤੀਆਂ ਜਾ ਰਹੀਆਂ ਅਤੇ ਦਵਾਈਆਂ ਬਹੁਤ ਘੱਟ ਕੀਮਤ ਤੇ ਦਿੱਤੀਆਂ ਜਾਦੀਆਂ ਹਨ ।ਸਮੇਂ ਸਮੇਂ ਤੇ ਮੈਡੀਕਲ ਕੈਂਪ ਵੀ ਲਗਾਏ ਜਾਦੇਂ ਹਨ ।

7. **ਲਾਇਬ੍ਰੇਰੀ ਦੀ ਸਥਾਪਨਾ :-** ਇਕ ਉਚ ਪੱਧਰੀ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ।

8. **ਗੁਰਦੁਆਰਾ ਸਾਹਿਬ :-** ਸਮੇਂ ਸਮੇਂ ਤੇ ਵਿਸ਼ੇਸ਼ ਪ੍ਰੋਗ੍ਰਾਮ ਆਯੋਜਿਤ ਕੀਤੇ ਜਾਦੇਂ ਹਨ ਜਿਨ੍ਹਾਂ ਵਿਚ ਪਾਠ ਬੋਧ ਸਮਾਗਮ ਵਿਸ਼ੇਸ਼ ਹੈ।ਉਪਰੋਕਤ ਸੇਵਾਵਾਂ ਦਾ ਸੰਗਤਾ ਭਰਵਾਂ ਲਾਭ ਉਠਾ ਰਹੀਆਂ ਹਨ।

## ਅਪੀਲ

ਅਕਾਲ ਪੁਰਖ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਉਪਰੋਕਤ ਕਾਰਜ ਸਫਲਤਾ ਸਹਿਤ ਚੱਲ ਰਹੇ ਹਨ । ਇਸ ਸਮੇਂ ਤਕਰੀਬਨ 30 ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ । ਅਗਲੇ ਸਾਲ ਬਚਿਆਂ ਦੀ ਗਿਣਤੀ 45 ਤੱਕ ਹੋਣ ਦੀ ਆਸ ਹੈ । ਇਨ੍ਹਾਂ ਬੱਚਿਆਂ ਦੀ ਰਿਹਾਇਸ਼ ਲਈ ਗੁਰਮਤਿ ਪ੍ਰਸਾਰ ਭਵਨ ਦੀ ਦੂਸਰੀ ਮੰਜਿਲ ਤੇ ਉਸਾਰੀ ਆਰੰਭ ਕੀਤੀ ਗਈ ਹੈ ਜਿਸ ਤੇ ਤਕਰੀਬਨ 35 ਲੱਖ ਰੁਪੈ ਦੀ ਲਾਗਤ ਦਾ ਅਨੁਮਾਨ ਹੈ । ਇਹ ਉਸਾਰੀ ਹਰ ਹਾਲਤ ਵਿੱਚ ਮਈ, 2016 ਦੇ ਅੰਤ ਤੱਕ ਪੂਰੀ ਹੋਣੀ ਚਾਹੀਦੀ ਹੈ । ਇਸ ਲਈ ਸਮੂੰਹ ਸੰਗਤ ਨੂੰ ਆਪਣੇ ਦਸਵੰਧ ਚੋਂ ਵੱਧ ਤੋਂ ਵੱਧ ਯੋਗਦਾਨ ਪਾਣ ਲਈ ਸਨਿਮਰ ਬੇਨਤੀ ਹੈ ।

**ਜਨਰਲ ਸਕੱਤਰ**